# ਸ਼ਹਿਰ ਨੇ ਵਸਨੀਕਾਂ ਨੂੰ ਬਿਲਡਿੰਗਾਂ ਦੇ ਨਿਰੀਖਣਾਂ ਲਈ ਤਿਆਰ ਹੋਣ ਵਿੱਚ ਮਦਦ ਕਰਨ ਲਈ ਵੀਡੀਓ ਜਾਰੀ ਕੀਤੇ

ਸ਼ਹਿਰ ਦੀ ਨਵੀਂ ਵੀਡੀਓ ਪਲੇਲਿਸਟ ਨਾਲ ਸਧਾਰਣ ਸੁਝਾਅ ਪ੍ਰਾਪਤ ਕਰੋ ਤਾਂ ਜੋ ਤੁਸੀਂ ਪਹਿਲੀ ਵਾਰੀ ਹੀ ਆਪਣੀ ਬਿਲਡਿੰਗ ਦੇ ਨਿਰੀਖਣ (ਇੰਸਪੈਕਸ਼ਨ) ਪਾਸ ਕਰ ਸਕੋ।

1 ਜੂਨ, 2026

ਕੀ ਤੁਸੀਂ ਆਪਣੇ ਘਰ ਦੀ ਮੁਰੰਮਤ ਕਰਨ, ਨਵਾਂ ਘਰ ਬਣਾਉਣ ਜਾਂ ਇੱਕ ਵਾਧੂ ਯੂਨਿਟ ਬਣਾਉਣ ਦੀ ਯੋਜਨਾ ਬਣਾ ਰਹੇ ਹੋ? Mississauga ਸ਼ਹਿਰ ਦੀ ਨਵੀਂ ਨਿਰੀਖਣ ਲਈ ਤਿਆਰੀ ਵੀਡੀਓ ਸੀਰੀਜ (inspection readiness video series) ਦੀ ਮਦਦ ਨਾਲ ਆਪਣੀ ਬਿਲਡਿੰਗ ਦਾ ਨਿਰੀਖਣ ਪਹਿਲੀ ਵਾਰ ਵਿੱਚ ਪਾਸ ਕਰੋ। ਇਹ ਬਿਲਡਿੰਗ ਨਿਰੀਖਣਾਂ ਵਿੱਚ ਅਨੁਮਾਨਾਂ 'ਤੇ ਨਿਰਭਰ ਰਹਿਣ ਦੀ ਲੋੜ ਨੂੰ ਖਤਮ ਕਰਦਾ ਹੈ, ਤਾਂ ਜੋ ਤੁਸੀਂ ਆਪਣੇ ਪ੍ਰੋਜੈਕਟਾਂ ਨੂੰ ਸਮੇਂ ਸਿਰ ਅੱਗੇ ਵਧਾ ਸਕੋ। ਨਿਰੀਖਣ ਤਿਆਰੀ ਸੀਰੀਜ ਓਨਟੈਰੀਓ ਵਿੱਚ ਇਸ ਕਿਸਮ ਦੀ ਪਹਿਲੀ ਸੀਰੀਜ ਹੈ। ਇਹ ਵਸਨੀਕਾਂ ਲਈ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਸ਼ਹਿਰ ਦੇ ਜਾਰੀ ਕੰਮ ਦਾ ਹਿੱਸਾ ਹੈ।

ਹਰ ਸਾਲ, ਮਕਾਨ ਮਾਲਕ ਘਰ ਦੀ ਮੁਰੰਮਤ ਦੇ ਪ੍ਰੋਜੈਕਟਾਂ 'ਤੇ ਬਹੁਤ ਜ਼ਿਆਦਾ ਸਮਾਂ ਗੁਆ ਬੈਠਦੇ ਹਨ ਕਿਉਂਕਿ ਉਹ ਤਿਆਰ ਨਹੀਂ ਹੁੰਦੇ, ਜਿਸ ਨਾਲ ਮੁੜ ਨਿਰੀਖਣ ਕਰਵਾਉਣੇ ਪੈਂਦੇ ਹਨ। ਇਹਨਾਂ ਵੀਡੀਓਜ਼ ਰਾਹੀਂ, ਸ਼ਹਿਰ ਦੀ ਬਿਲਡਿੰਗ ਟੀਮ ਦੱਸਦੀ ਹੈ ਕਿ ਕੁਝ ਸਭ ਤੋਂ ਆਮ ਗਲਤੀਆਂ ਤੋਂ ਕਿਵੇਂ ਬਚਿਆ ਜਾਵੇ, ਇਹ ਯਕੀਨੀ ਬਣਾਉਣ ਦੇ ਤਰੀਕੇ ਕਿ ਤੁਸੀਂ ਨਿਰੀਖਣ ਲਈ ਤਿਆਰ ਹੋ, ਅਤੇ ਪ੍ਰੋਜੈਕਟਾਂ ਨੂੰ ਅੱਗੇ ਵਧਾਉਣ ਵਿੱਚ ਮਦਦ ਕਰਨ ਲਈ ਸੁਝਾਅ ਵੀ ਦਿੰਦੀ ਹੈ।

ਇਹ ਛੋਟੇ, ਜਾਣਕਾਰੀ ਵਾਲੇ ਵੀਡੀਓਜ਼ ਮਕਾਨ ਮਾਲਕਾਂ, ਬਿਲਡਰਾਂ, ਡਿਜ਼ਾਈਨਰਾਂ ਅਤੇ ਠੇਕੇਦਾਰਾਂ ਨੂੰ ਨਿਰੀਖਣ ਦੀ ਪ੍ਰਕਿਰਿਆ ਨੂੰ ਸਮਝਣ ਵਿੱਚ ਮਦਦ ਕਰਦੇ ਹਨ। ਇਹ ਦਰਸ਼ਕਾਂ ਨੂੰ ਪਰਮਿਟ ਲਈ ਅਰਜ਼ੀ ਦੇਣ ਤੋਂ ਲੈ ਕੇ ਅੰਤਿਮ ਨਿਰੀਖਣ ਤੱਕ, ਕਦਮ-ਦਰ-ਕਦਮ, ਇਸਨੂੰ ਸਮਝਣ ਨੂੰ ਆਸਾਨ ਬਣਾਉਂਦੇ ਹਨ।

ਹੇਠਾਂ ਦਿੱਤੀਆਂ ਗੱਲਾਂ ਜਾਣਨ ਲਈ ਇਹ ਸੀਰੀਜ਼ ਦੇਖੋ:

- ਜਦੋਂ ਤੁਸੀਂ ਅਰਜ਼ੀ ਦਿੰਦੇ ਹੋ ਤਾਂ ਸਫਲਤਾ ਲਈ ਆਪਣੇ ਆਪ ਨੂੰ ਕਿਵੇਂ ਤਿਆਰ ਕਰਨਾ ਹੈ।
- ਸਫਲ ਬਿਲਡਿੰਗ ਨਿਰੀਖਣ ਦੇ ਸੱਤ ਕਦਮ।
- ਤੁਹਾਡੇ ਪ੍ਰੋਜੈਕਟ ਨੂੰ ਕਿਸ ਕਿਸਮ ਦੇ ਨਿਰੀਖਣਾਂ ਦੀ ਲੋੜ ਪੈ ਸਕਦੀ ਹੈ।
- ਹਰੇਕ ਨਿਰੀਖਣ ਵਿੱਚ ਨਿਰੀਖਕ ਕੀ ਵੇਖਦੇ ਹਨ।

ਕਿਸੇ ਵੀ ਘਰ ਦੀ ਮੁਰੰਮਤ ਜਾਂ ਉਸਾਰੀ ਪ੍ਰੋਜੈਕਟ ਵਿੱਚ ਬਿਲਡਿੰਗਾਂ ਦਾ ਨਿਰੀਖਣ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਪ੍ਰੋਜੈਕਟ ਓਨਟੈਰੀਓ ਬਿਲਡਿੰਗ ਕੋਡ (Ontario Building Code) ਦੀ ਪਾਲਣਾ ਕਰਦੇ ਹਨ ਅਤੇ ਰਹਿਣ ਲਈ ਸੁਰੱਖਿਅਤ ਹਨ। ਨਿਰੀਖਣ ਸਿਰਫ ਅੰਤ ਵਿੱਚ ਹੀ ਨਹੀਂ, ਬਲਕਿ ਉਸਾਰੀ ਦੀ ਪੂਰੀ ਪ੍ਰਕਿਰਿਆ ਦੌਰਾਨ ਹੁੰਦੇ ਹਨ।

ਅਗਲੇ ਪੜਾਅ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਨੂੰ ਅਕਸਰ ਇੱਕ ਨਿਰੀਖਣ ਪਾਸ ਕਰਨਾ ਪੈਂਦਾ ਹੈ। ਇਸ ਵਾਸਤੇ ਤਿਆਰ ਨਾ ਹੋਣ ਨਾਲ ਵਾਧੂ ਖਰਚੇ ਅਤੇ ਅਜਿਹੀਆਂ ਦੇਰੀਆਂ ਹੁੰਦੀਆਂ ਹਨ, ਜਿਨ੍ਹਾਂ ਤੋਂ ਬਚਿਆ ਜਾ ਸਕਦਾ ਹੈ।

ਸ਼ੁਰੂ ਤੋਂ ਹੀ ਇਹ ਜਾਣ ਕੇ ਸਮਾਂ ਅਤੇ ਪੈਸਾ ਬਚਾਓ ਕਿ ਕੀ ਕਰਨਾ ਹੈ। ਛੋਟੀਆਂ ਮੁਰੰਮਤਾਂ ਤੋਂ ਲੈ ਕੇ ਪਰਿਵਾਰ ਜਾਂ ਕਿਰਾਏ ਲਈ ਨਵੀਆਂ ਯੂਨਿਟਾਂ ਬਣਾਉਣ ਤੱਕ, ਨਿਰੀਖਣ ਲਈ ਤਿਆਰੀ, ਪ੍ਰੋਜੈਕਟਾਂ ਨੂੰ ਸਮੇਂ ਸਿਰ ਅਤੇ ਬਜਟ ਦੇ ਅੰਦਰ ਹੀ ਰੱਖਣ ਵਿੱਚ ਮਦਦ ਕਰਦੀ ਹੈ। ਇਹ ਸੀਰੀਜ ਪਹਿਲੇ ਦਿਨ ਤੋਂ ਹੀ ਯੋਜਨਾ ਬਣਾਉਣ ਅਤੇ ਸਮਝਦਾਰੀ ਨਾਲ ਉਸਾਰੀ ਕਰਨ ਵਿੱਚ ਤੁਹਾਡੀ ਮਦਦ ਕਰੇਗੀ।

ਭਾਵੇਂ ਤੁਸੀਂ ਆਪਣੇ ਘਰ ਦੀ ਮੁਰੰਮਤ ਕਰਨ ਵਾਲੇ ਮਕਾਨ ਮਾਲਕ ਹੋ ਜਾਂ ਕਲਾਈਂਟਾਂ ਨਾਲ ਕੰਮ ਕਰਨ ਵਾਲੇ ਠੇਕੇਦਾਰ ਹੋ, ਇਹ ਸੀਰੀਜ ਤੁਹਾਨੂੰ ਜ਼ਰੂਰ ਦੇਖਣੀ ਚਾਹੀਦੀ ਹੈ, ਜੋ ਤੁਹਾਡੇ ਪ੍ਰੋਜੈਕਟ ਨੂੰ ਪਹਿਲੀ ਵਾਰ ਵਿੱਚ ਹੀ ਨਿਰੀਖਣ ਪਾਸ ਕਰਨ ਵਿੱਚ ਮਦਦ ਕਰੇਗੀ।

ਵਧੇਰੇ ਜਾਣਕਾਰੀ ਲਈ, mississauga.ca/inspections 'ਤੇ ਜਾਓ। ਪੂਰੀ ਸੀਰੀਜ ਹੁਣ Mississauga ਸ਼ਹਿਰ ਦੇ YouTube ਚੈਨਲ (YouTube channel) 'ਤੇ ਉਪਲਬਧ ਹੈ।

# ਪਿਛੋਕੜ

ਨਿਰੀਖਣ ਤਿਆਰੀ ਵੀਡੀਓ ਸੀਰੀਜ ਵਸਨੀਕਾਂ ਨੂੰ ਜਾਣਕਾਰੀ ਦੇਣ, ਰਿਹਾਇਸ਼ੀ ਵਿਕਲਪਾਂ ਨੂੰ ਵਧਾਉਣ ਵਿੱਚ ਮਦਦ ਕਰਨ ਅਤੇ ਉਸਾਰੀ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ ਸ਼ਹਿਰ ਦੇ ਜਾਰੀ ਕੰਮ 'ਤੇ ਅਧਾਰਤ ਹੈ।

Mississauga ਦੀਆਂ ਪਹਿਲਾਂ ਤੋਂ ਪ੍ਰਵਾਨਿਤ ਗਾਰਡਨ ਸੂਈਟ ਯੋਜਨਾਵਾਂ (pre-approved garden suite plans) ਅਤੇ ਸਮੱਗਰੀ ਦੀਆਂ ਸੂਚੀਆਂ ਇੱਕ ਬੈਕਯਾਰਡ ਯੂਨਿਟ ਬਣਾਉਣ ਨੂੰ ਤੇਜ਼ ਅਤੇ ਆਸਾਨ ਬਣਾਉਣ ਵਿੱਚ ਮਦਦ ਕਰਦੀਆਂ ਹਨ। ਸ਼ਹਿਰ ਦਾ ਜੈਂਟਲ ਡੈਨਸਿਟੀ ਇਨਸੈਂਟਿਵ ਪ੍ਰੋਗਰਾਮ (gentle density incentive program) ਵਾਧੂ ਰਿਹਾਇਸ਼ੀ ਯੂਨਿਟਾਂ ਅਤੇ ਫੋਰਪਲੈਕਸ ਬਣਾਉਣ ਦੀ ਲਾਗਤ ਨੂੰ ਘੱਟ ਕਰਨ ਲਈ ਗ੍ਰਾਂਟਾਂ ਪ੍ਰਦਾਨ ਕਰਦਾ ਹੈ। ਸ਼ਹਿਰ ਨੇ Mississauga ਵਿੱਚ ਵਿਕਾਸ ਦੀ ਪ੍ਰਗਤੀ ਬਾਰੇ ਜਾਣਕਾਰੀ ਦੇਣ ਅਤੇ ਉਸਨੂੰ ਟ੍ਰੈਕ ਕਰਨ ਵਿੱਚ ਮਦਦ ਕਰਨ ਲਈ ਔਨਲਾਈਨ ਟੂਲਸ ਦਾ ਇੱਕ ਸੂਈਟ ਵੀ ਬਣਾਇਆ ਹੈ, ਜਿਸ ਵਿੱਚ ਸਰਗਰਮ ਵਿਕਾਸ ਅਰਜ਼ੀਆਂ ਵੈੱਬਸਾਈਟ (active development applications website) ਅਤੇ ਔਨਲਾਈਨ, ਸ਼ਹਿਰੀ ਯੋਜਨਾ ਅਤੇ ਵਿਕਾਸ ਲਈ ਗਾਈਡ (Guide to City Planning and Development) ਸ਼ਾਮਲ ਹਨ। ਇਹ ਕੋਸ਼ਿਸ਼ਾਂ ਮੇਅਰ ਦੀ ਹਾਊਸਿੰਗ ਟਾਸਕ ਫੋਰਸ ਰਿਪੋਰਟ (Mayor's Housing Task Force report) ਦੀਆਂ ਸਿਫ਼ਾਰਸ਼ਾਂ ਅਤੇ Mississauga ਦੀ ਨਵੀਂ ਅਧਿਕਾਰਤ ਯੋਜਨਾ 2051 (Official Plan 2051) ਦੇ ਟੀਚਿਆਂ ਵਿੱਚ ਯੋਗਦਾਨ ਪਾਉਂਦੀਆਂ ਹਨ, ਜਿਸਦਾ ਉਦੇਸ਼ ਰਿਹਾਇਸ਼ੀ ਵਿਕਲਪਾਂ ਦਾ ਵਿਸਤਾਰ ਕਰਨਾ ਅਤੇ ਪੂਰੇ ਸ਼ਹਿਰ ਵਿੱਚ ਉਸਾਰੀ ਨੂੰ ਆਸਾਨ ਬਣਾਉਣਾ ਹੈ।